# ਦਫਤਰ ਕਾਰਜਕਾਰੀ ਇੰਜੀਨੀਅਰ ਉਸਾਰੀ ਮੰਡਲ ਭਵਨ ਤੇ ਮਾਰਗ ਸ਼ਾਖਾ,ਮਾਲੇਰਕੋਟਲਾ।

ਟੈਲੀਫੋਨ ਨੰਬਰ-01675-253008 xenpwdmalerkotla@gmail.com

ਵੱਲ

ਸ਼੍ਰੀ ਗੁਰਮੇਲ ਸਿੰਘ ਪੁੱਤਰ ਸ: ਭਾਨ ਸਿੰਘ,
ਸ਼੍ਰੀ ਹਰਜਿੰਦਰ ਸਿੰਘ ਪੁੱਤਰ ਸ਼੍ਰੀ ਗੁਰਮੇਲ ਸਿੰਘ,
ਮੈਸ: ਹਰਜਿੰਦਰਾ ਮੈਰਿਜ ਪੈਲੇਸ,
ਪਿੰਡ ਖੁਰਦ,ਤਹਿਸੀਲ ਮਾਲੇਰਕੋਟਲਾ,ਜਿਲ੍ਹਾ ਸੰਗਰੂਰ।

ਨੰਬਰ 2191 ਮਿਤੀ 16-07-19

ਵਿਸ਼ਾ :- ਮੈਰਿਜ ਪੇਲੈਸ ਦੇ ਰਸਤੇ ਲਈ ਐਨ.ਓ.ਸੀ ਜਾਰੀ ਕਰਨ ਬਾਰੇ।

ਹਵਾਲਾ:- ਆਪ ਦਾ ਬਿਨੈਪੱਤਰ ਮਿਤੀ 03-06-2019

ਉਪਰੋਕਤ ਵਿਸ਼ੇ ਸਬੰਧੀ ਮੈਰਿਜ ਪੈਲੇਸ ਲਈ ਐਨ.ਓ.ਸੀ ਦੇ ਕੇਸ ਦੀ ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ ਮਾਲੇਰਕੋਟਲਾ ਵੱਲੋਂ ਕੀਤੀ ਗਈ ਸਿਫਾਰਸ਼ ਨੂੰ ਮੱਦੇ ਨਜ਼ਰ ਰੱਖਦੇ ਹੋਏ ਮੈਸ:ਹਰਜਿੰਦਰਾ (ਮੈਰਿਜ ਪੈਲੇਸ)ਖੁਰਦ ਪਿੰਡ ਖੁਰਦ,ਤਹਿਸੀਲ ਮਾਲੇਰਕੋਟਲਾ,ਜਿਲ੍ਹਾ ਸੰਗਰੂਰ ਲਈ ਹੇਠ ਲਿਖੀਆਂ ਸ਼ਰਤਾ ਅਨੁਸਾਰ ਐਨ.ਓ.ਸੀ ਜਾਰੀ ਕੀਤਾ ਜਾਂਦਾ ਹੈ:-

1. ਪੰਜਾਬ ਸਰਕਾਰ ਦੇ ਪਿੱਠ ਅੰਕਣ 5/13/2018-3BR3/129428/3 ਮਿਤੀ 10-08-2018 ਰਾਹੀ ਜਾਰੀ ਹੋਏ ਹੁਕਮਾਂ ਅਨੁਸਾਰ ਡਰਾਫਟ ਨੰਬਰ 001112 ਮਿਤੀ 04-12-2018 ਰਾਹੀ ਰਕਮ 1,50,000/-ਰੁਪਏ (ਇੱਕ ਲੱਖ ਪੰਜਾਹ ਹਾਜਰ ਰੁਪਏ ਜੋ ਕਿ 5 ਸਾਲ ਲਈ ਵੈਲਿਡ ਹੈ) ਜੁਆਇੰਟ ਸੈਕਟਰੀ ਪੰਜਾਬ ਰੋਡਜ਼ ਐਂਡ ਬਰਿਜ ਡਿਵਲਪਮੈਂਟ ਦੇ ਨਾਮ ਤੇ ਜਮ੍ਹਾਂ ਕਰਵਾ ਲਏ ਹਨ।
2. ਆਪ ਵੱਲੋ ਪਾਣੀ ਦੀ ਨਿਕਾਸੀ ਲਈ ਇੱਕ ਮੀਟਰ ਸਪੈਨ ਸਲੈਬ ਟਾਈਪ ਕਲਵਰਟ ਦੀ ਉਸਾਰੀ ਆਪਣੇ ਖਰਚੇ ਤੇ ਕੀਤੀ ਜਾਵੇਗੀ।
3. ਆਪ ਨੂੰ ਆਈ.ਆਰ.ਸੀ ਪੁੱਡਾ ਅਤੇ ਲੋ:ਨਿ:ਵਿ ਦੀਆ ਸਾਰੀਆਂ ਹਦਾਇਤਾਂ ਦੀ ਪਾਲਣਾ ਕਰਨੀ ਪਵੇਗੀ।
4. ਪੈਲੇਸ ਦਾ ਪਾਣੀ ਜਾਂ ਕੂੜਾ ਕਰਕਟ ਆਦਿ ਸੜਕ ਤੇ ਜਾਂ ਸੜਕ ਦੀਆ ਬਰਮਾਂ ਤੇ ਨਹੀ ਆਉਣਾ ਚਾਹੀਦਾ।
5. ਆਪ ਵੱਲੋ ਸੜਕ ਦੇ ਬਰਮ ਉਪਰ/ਰੋਡ ਦੀ ਰਾਖਵੀ ਜਗ੍ਹਾ ਤੇ ਕਿਸੇ ਵੀ ਤਰ੍ਹਾ ਦੀ ਪਾਰਕਿੰਗ ਆਦਿ ਨਾ ਕੀਤੀ ਜਾਵੇ। ਵਹੀਕਲ ਮੈਰਿਜ ਪੈਲੇਸ ਦੀ ਬਾਊਂਡਰੀ ਅੰਦਰ ਖੜੇ ਕੀਤੇ ਜਾਣਗੇ।
6. ਸਰਕਾਰ ਦੀਆਂ ਨਵੀਆਂ ਹਦਾਇਤਾ ਅਨੁਸਾਰ ਇਹ ਐਨ.ਓ.ਸੀ ਹਰ 5 ਸਾਲ ਬਾਅਦ ਰੀਨਿਊ ਕਰਨ ਯੋਗ ਹੋਵੇਗਾ। ਇਸ ਤੋ ਇਲਾਵਾ ਜੇਕਰ ਸਰਕਾਰ ਵੱਲੋਂ ਸਮੇਂ-ਸਮੇਂ ਤੇ ਫੀਸਾ ਵਧਾਈਆਂ ਜਾਣਗੀਆਂ ਤਾਂ ਆਪ ਉਹਨਾਂ ਫੀਸਾ ਨੂੰ ਜਮਾਂ ਕਰਵਾਉਣ ਦੇ ਪਾਬੰਦ ਹੋਵੋਗੇ।
7. ਵਰਤਮਾਨ ਜਾਂ ਭਵਿੱਖ ਵਿੱਚ ਜਦੋ ਵੀ ਸੜਕ ਦੀ ਇੰਪਰੂਵਮੈਂਟ/ਵਾਇਡਨਿੰਗ ਲਈ ਜੋ ਵੀ ਜ਼ਮੀਨ ਸੜਕ ਦੀ ਉਸਾਰੀ ਲਈ ਲੋੜੀਂਦੀ ਹੋਵੇਗੀ,ਉਸ ਜਗ੍ਹਾ ਉਪਰ ਪਹਿਲਾ ਕੀਤੀ ਉਸਾਰੀ (ਕੱਚੀ/ਪੱਕੀ ਦੀ)ਆਪ ਵੱਲੋ ਆਪਣੇ ਖਰਚੇ ਅਤੇ ਆਪਣੇ ਪਧਰ ਤੇ ਢੁਆਈ ਕਰਵਾਈ ਜਾਵੇਗੀ ਅਤੇ ਇਸ ਸਬੰਧੀ ਹੋਏ ਨੁਕਸਾਨ ਦਾ ਕੋਈ ਕਲੇਮ ਨਹੀ ਕੀਤਾ ਜਾਵੇਗਾ।
8. ਵਣ ਵਿਭਾਗ,ਪੁੱਡਾ ਵਿਭਾਗ,ਫਾਇਰ ਸੇਫਟੀ ਵਿਭਾਗ ਅਤੇ ਹੋਰ ਸਬੰਧਤ ਵਿਭਾਗਾਂ ਪਾਸੋ ਲੋੜੀਂਦੀ ਮੰਨਜੂਰੀ ਆਪ ਵੱਲੋਂ ਵੱਖਰੇ ਤੌਰ ਤੇ ਪ੍ਰਾਪਤ ਕੀਤੀ ਜਾਵੇਗੀ।

ਨੋਟ:- ਉਪਰੋਕਤ ਤੋ ਇਲਾਵਾ ਸਮੇਂ ਸਮੇਂ ਸਿਰ ਜਾਰੀ ਹਦਾਇਤਾ/ਸ਼ਰਤਾ ਦੀ ਪਾਲਣਾ ਲਈ ਮਾਲਕ ਜਿੰਮੇਵਾਰ ਹੋਵੇਗਾ ਅਤੇ ਜੇਕਰ ਉਕਤ ਲਿਖੀਆ ਹਦਾਇਤਾ/ਸ਼ਰਤਾ ਦੀ ਮਾਲਕ ਵੱਲੋ ਉਲੰਘਣਾ ਕੀਤੀ ਗਈ ਤਾਂ ਮਹਿਕਮੇਂ ਵੱਲੋਂ ਜਾਰੀ ਕੀਤਾ ਐਨ.ਓ.ਸੀ ਬਿਨਾ ਨੋਟਿਸ ਦਿੱਤੇ ਰੱਦ ਕਰ ਦਿੱਤਾ ਜਾਵੇਗਾ।

ਨੱਥੀ/ਨਕਸ਼ਾ

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਲੋਕ ਨਿਰਮਾਣ ਵਿਭਾਗ,
ਭਵਨ ਤੇ ਮਾਰਗ ਸ਼ਾਖਾ,ਮਾਲੇਰਕੋਟਲਾ।

ਪਿੱਠ ਅੰਕਣ ਨੰਬਰ ਮਿਤੀ

ਉਪਰੋਕਤ ਦਾ ਉਤਾਰਾ ਪ੍ਰੋਜੈਕਟ ਡਾਇਰੈਕਟਰ(ਪੀ.ਆਰ.ਬੀ.ਡੀ.ਬੀ)ਐਸ.ਸੀ.ਓ ਨੰਬਰ-61-62,ਫੇਜ-2 ਨੂੰ ਡੀ.ਡੀ ਨੰਬਰ-058930 ਮਿਤੀ 13.06.2019 ਰਾਹੀ ਬਾਬਤ ਰਕਮ 1,50,000/-ਰੁਪਏ ਦਾ ਸੂਚਨਾਂ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ ਜੀ।

ਨੱਥੀ/1 ਨੰਬਰ ਅਸਲ ਡਰਾਫਟ

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ,ਪ੍ਰਾਂਤਕ ਉਪ ਮੰਡਲ ਮਾਲੇਰਕੋਟਲਾ ਨੂੰ ਉਨ੍ਹਾਂ ਦੇ ਪੱਤਰ ਨੰਬਰ-110 ਮਿਤੀ 24-06-2019 ਦੇ ਸਬੰਧ ਵਿੱਚ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**For HARJINDRA PALACE**

**Prop**

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਲੋਕ ਨਿਰਮਾਣ ਵਿਭਾਗ,
ਭਵਨ ਤੇ ਮਾਰਗ ਸ਼ਾਖਾ,ਮਾਲੇਰਕੋਟਲਾ।